## ਮਿਰਗੀ ਅਤੇ ਔਰਤਾਂ ਲਈ ਸੰਭੋਗ ਸੰਬੰਧ (Epilepsy And Sexual Relationships For Women)

### ਵਿਅਕਤੀ ਸੈਕਸ ਕਿਉਂ ਕਰਨਾ ਚਾਹੁੰਦਾ ਹੈ?

ਸੈਕਸ ਸੰਬੰਧ ਤੰਦਰੁਸਤ ਰਹਿਣੀ ਦਾ ਇਕ ਆਮ ਹਿੱਸਾ ਹੈ। ਇਹ ਚੀਜ਼ਾਂ ਸੈਕਸ ਵੱਲ ਲਿਜਾਂਦੀਆਂ ਹਨ: ਪਹਿਲਾਂ ਇਸ ਦੀ ਇੱਛਾ ਹੋਣਾ – ਪਾਰਟਨਰ ਨਾਲ ਸੈਕਸ ਕਰਨਾ ਚਾਹੁੰਦੇ ਹੋਣਾ। ਇਸ ਭਾਵਨਾ ਦੇ ਤੇਜ਼ ਹੋਣ 'ਤੇ ਉਤੇਜਨਾ ਪੈਦਾ ਹੁੰਦੀ ਹੈ – ਸਰੀਰਕ ਭਾਵਨਾ ਕਿ ਤੁਹਾਨੂੰ ਸੈਕਸ ਕਰਨ ਦੀ "ਲੋੜ" ਹੈ। ਅੰਤ ਵਿਚ, ਔਰਗੈਜ਼ਮ (ਸੰਭੋਗ-ਸਿਖਰ) ਹੁੰਦਾ ਹੈ – ਸੰਭੋਗ ਦੌਰਾਨ ਸਰੀਰਕ ਆਨੰਦ ਦਾ ਸਿਖਰ। ਇਹ ਕਾਰਜ ਬਹੁਤ ਸਾਰੇ ਅੰਤਰ-ਧਿਆਨਾਂ 'ਤੇ ਨਿਰਭਰ ਕਰਦੇ ਹਨ ਜਿਨ੍ਹਾਂ ਦਾ ਤਾਲਮੇਲ ਨਰਵਿਸ ਸਿਸਟਮ ਵਲੋਂ ਕੀਤਾ ਜਾਂਦਾ ਹੈ, ਅਤੇ ਇਸ ਵਿਚ ਹਾਰਮੋਨ, ਨਰਵਾਂ, ਅਤੇ ਖ਼ੂਨ ਦੀਆਂ ਨਾੜੀਆਂ ਸ਼ਾਮਲ ਹੁੰਦੀਆਂ ਹਨ।

### ਕਿਸੇ ਵਿਅਕਤੀ ਨੂੰ ਕਿੰਨੀ ਕੁ ਵਾਰੀ ਸੈਕਸ ਕਰਨਾ ਚਾਹੀਦਾ ਹੈ?

ਸੈਕਸ ਲਈ ਇੱਛਾ ਆਮ ਲੋਕਾਂ ਅਤੇ ਮਿਰਗੀ ਵਾਲੇ ਲੋਕਾਂ ਵਿਚ ਵੱਖ ਵੱਖ ਹੁੰਦੀ ਹੈ। ਜਿਹੜਾ ਬਾਲਗ ਸੈਕਸ ਬਾਰੇ ਨਹੀਂ ਸੋਚਦਾ ਜਾਂ ਸੈਕਸ ਕਰਨਾ ਨਹੀਂ ਚਾਹੁੰਦਾ ਉਸ ਵਿਚ ਸੈਕਸ ਦੀ ਇੱਛਾ ਸ਼ਾਇਦ ਘੱਟ ਹੁੰਦੀ ਹੈ। ਪਰ ਯਾਦ ਰੱਖੋ, ਇਹ ਇਕ ਬਹੁਤ ਹੀ ਨਿੱਜੀ ਮਾਮਲਾ ਹੈ, ਅਤੇ ਜੇ ਤੁਸੀਂ ਸੈਕਸ ਦੇ ਆਪਣੇ ਪੱਧਰ ਤੋਂ ਸੰਤੁਸ਼ਟ ਹੋ ਤਾਂ ਤੁਹਾਨੂੰ ਕੋਈ ਸਮੱਸਿਆ ਨਹੀਂ ਹੈ।

### ਕਾਮੁਕ ਤੌਰ 'ਤੇ ਸਰਗਰਮ ਹੋਣ ਵੇਲੇ ਕੀ ਮੇਰੀ ਮਿਰਗੀ ਕੋਈ ਸਮੱਸਿਆਵਾਂ ਪੈਦਾ ਕਰ ਸਕਦੀ ਹੈ?

ਅਸੀਂ ਸੈਕਸ ਸਮੱਸਿਆਵਾਂ ਦੇ ਸਾਰੇ ਗੁੰਝਲਦਾਰ ਕਾਰਨਾਂ ਨੂੰ ਅਜੇ ਪੂਰੀ ਤਰ੍ਹਾਂ ਸਮਝ ਨਹੀਂ ਸਕੇ, ਖਾਸ ਕਰਕੇ ਇਹ ਕਿ ਇਹ ਕਿਵੇਂ ਮਿਰਗੀ ਨਾਲ ਸੰਬੰਧਿਤ ਹੋ ਸਕਦੀਆਂ ਹਨ। ਉਦਾਹਰਣ ਲਈ, ਕੁਝ ਲੋਕਾਂ ਵਿਚ ਸੈਕਸ ਦੀ ਇੱਛਾ ਦਾ ਪੱਧਰ ਘੱਟ ਹੁੰਦਾ ਹੈ; ਹੋਰਨਾਂ ਨੂੰ ਸੈਕਸ ਲਈ ਉਤੇਜਤ ਹੋਣ ਵਿਚ ਮੁਸ਼ਕਲ ਆਉਂਦੀ ਹੈ; ਜਾਂ ਕੁਝ ਔਰਤਾਂ ਲਈ ਸੰਭੋਗ ਕਸ਼ਟਮਈ ਹੋ ਸਕਦਾ ਹੈ। ਲੋਕਾਂ ਵਿਚ ਸਮੇਂ ਸਮੇਂ ਸੈਕਸ ਕਾਰਗੁਜ਼ਾਰੀ ਦੀਆਂ ਸਮੱਸਿਆਵਾਂ ਆਉਣਾ ਅਸਾਧਾਰਣ ਗੱਲ ਨਹੀਂ ਹੈ, ਅਤੇ ਮਿਰਗੀ ਵਾਲੇ ਲੋਕ ਇਸ ਤੋਂ ਬਾਹਰ ਨਹੀਂ ਹਨ। ਪਰ, ਕੰਪਲੈਕਸ ਪਾਰਸ਼ਲ ਸੀਜ਼ਰਾਂ ਵਾਲੇ ਲੋਕਾਂ ਨੂੰ, ਖਾਸ ਕਰਕੇ ਜਦੋਂ ਸੀਜ਼ਰ ਟੈਂਪੋਰਲ ਲੋਬ ਵਿਚ ਸ਼ੁਰੂ ਹੁੰਦੇ ਹੋਣ, ਸੈਕਸ ਦੀਆਂ ਸਮੱਸਿਆਵਾਂ ਜ਼ਿਆਦਾ ਦਿਖਾਈ ਦਿੰਦੀਆਂ ਹਨ, ਜਿਵੇਂ ਕਿ ਉਪਰ ਦੱਸਿਆ ਗਿਆ ਹੈ।

### ਮੈਂ ਦੂਜੇ ਵਿਅਕਤੀ ਨਾਲ ਨੇੜੇ ਦੇ ਸੰਬੰਧ ਰੱਖਣਾ ਚਾਹੁੰਦੀ ਹਾਂ, ਪਰ ਮੈਨੂੰ ਸੈਕਸ ਕਰਨ ਤੋਂ ਡਰ ਲੱਗਦਾ ਹੈ। ਕੀ ਇਹ ਅਸਾਧਾਰਣ ਗੱਲ ਹੈ?

ਨਹੀਂ। ਸਵੈ-ਭਰੋਸੇ ਦੀ ਘਾਟ ਜਾਂ ਦਵਾਈ ਦੇ ਸੁੰਦਰਤਾ 'ਤੇ ਅਸਰ ਔਰਤਾਂ ਅਤੇ ਮਰਦਾਂ ਨੂੰ ਕਾਮੁਕ ਤੌਰ 'ਤੇ ਅਣ-ਆਕਰਸ਼ਕ ਮਹਿਸੂਸ ਕਰਵਾ ਸਕਦੇ ਹਨ। ਇਹ ਭਾਵਨਾਵਾਂ ਕਾਮ ਇੱਛਾ ਅਤੇ ਉਤੇਜਨਾ ਦੀ ਘਾਟ ਵੱਲ ਲਿਜਾ ਸਕਦੀਆਂ ਹਨ। ਦੂਜੇ ਵਿਅਕਤੀ ਨਾਲ ਨਿੱਜੀ ਸੰਬੰਧ ਵਿਕਸਤ ਕਰਨ ਲਈ ਆਪਣੇ ਆਪ ਨੂੰ ਅਤੇ ਆਪਣੀ ਮਿਰਗੀ ਨੂੰ ਪ੍ਰਵਾਨ ਕਰਨਾ ਜ਼ਰੂਰੀ ਹੈ। ਸ਼ਾਇਦ ਤੁਸੀਂ ਇਸ ਗੱਲ ਤੋਂ ਵੀ ਡਰਦੇ ਹੋਵੋ ਕਿ ਸੰਭੋਗ ਕਰਨ ਦੌਰਾਨ ਤੁਹਾਨੂੰ ਸੀਜ਼ਰ ਹੋ ਸਕਦਾ ਹੈ। ਸੀਜ਼ਰਾਂ ਵਿਚ ਅਕਸਰ ਦਿਮਾਗ ਦੇ ਓਹੀ ਏਰੀਏ ਸ਼ਾਮਲ ਹੁੰਦੇ ਹਨ ਜਿਹੜੇ ਸਿਹਤਮੰਦ ਸੈਕਸ ਕਾਰਜ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ, ਅਤੇ ਪਿਆਰ ਕਰਨ ਦੌਰਾਨ ਮਹਿਸੂਸ ਹੋਏ ਕੁਝ ਅਨੁਭਵ ਉਸ ਤਰ੍ਹਾਂ ਮਹਿਸੂਸ ਹੋ ਸਕਦੇ ਹਨ ਜਿਸ ਤਰ੍ਹਾਂ ਸੀਜ਼ਰ ਦੀ ਝਰਨਾਹਟ ਜਾਂ ਸਿੰਪਲ ਪਾਰਸ਼ਲ ਸੀਜ਼ਰਾਂ ਦੌਰਾਨ ਹੁੰਦੇ ਹਨ।

### ਮੈਂ ਸੈਕਸ ਪਸੰਦ ਨਹੀਂ ਕਰਦੀ ਕਿਉਂ ਕਿ ਇਸ ਨਾਲ ਦੁੱਖ ਲੱਗਦਾ ਹੈ। ਮੈਂ ਕੀ ਕਰ ਸਕਦੀ ਹਾਂ?

ਮਿਰਗੀ ਵਾਲੀਆਂ ਬਹੁਤ ਸਾਰੀਆਂ ਔਰਤਾਂ ਇਹ ਕਹਿੰਦੀਆਂ ਹਨ ਕਿ ਸੰਭੋਗ ਉਨ੍ਹਾਂ ਲਈ ਦੁਖਦਾਈ ਹੈ। ਇਹ ਉਨ੍ਹਾਂ ਲੋਕਾਂ ਵਿਚ ਖਾਸ ਤੌਰ 'ਤੇ ਆਮ ਗੱਲ ਹੈ ਜਿਨ੍ਹਾਂ ਨੂੰ ਟੈਂਪੋਰਲ ਲੋਬ ਮਿਰਗੀ ਹੈ। ਦੁਖਦਾਈ ਸੰਭੋਗ ਯੋਨੀ (ਵਜਾਇਨਾ) ਦੀ ਖ਼ੁਸ਼ਕੀ ਜਾਂ ਸੰਭੋਗ ਦੌਰਾਨ ਯੋਨੀ ਦੇ ਦੁਖਦਾਈ ਸੁੰਗੜਾਉ ਕਾਰਨ ਹੋ ਸਕਦਾ ਹੈ। ਸੰਭੋਗ ਦੀ ਬੇਆਰਾਮੀ ਨੂੰ ਘੱਟ ਕਰਨ ਲਈ ਯੋਨੀ ਵਿਚ ਲਗਾਈਆਂ ਜਾਣ ਵਾਲੀਆਂ ਕਰੀਮਾਂ ਜਾਂ ਜੈੱਲਾਂ ਬਾਰੇ ਆਪਣੇ ਡਾਕਟਰ ਨੂੰ ਪੁੱਛੋ। ਇਸਤਰੀ ਰੋਗਾਂ ਦੇ ਡਾਕਟਰ (ਗਾਇਨਾਕੋਲੋਜਿਸਟ) ਉਨ੍ਹਾਂ ਔਰਤਾਂ ਦੀ ਯੋਨੀ ਨੂੰ ਹੌਲੀ ਹੌਲੀ ਚੌੜਾ ਕਰ ਸਕਦੀਆਂ ਹਨ ਜਿਨ੍ਹਾਂ ਨੂੰ ਦਰਦ ਅਤੇ ਸੰਗੜਾਉ (ਸਪੈਜ਼ਮ) ਦੀਆਂ ਗੰਭੀਰ ਸਮੱਸਿਆਵਾਂ ਹਨ।

### ਕੀ ਮਿਰਗੀ ਵਾਲੇ ਮਰਦਾਂ ਨੂੰ ਵੀ ਸੈਕਸ ਸਮੱਸਿਆਵਾਂ ਹਨ?

ਹਾਂ, ਮਿਰਗੀ ਵਾਲੇ ਤਕਰੀਬਨ ਇਕ ਤਿਹਾਈ ਮਰਦਾਂ ਨੂੰ ਲਿੰਗ ਖੜ੍ਹਾ ਕਰਨ ਅਤੇ ਖੜ੍ਹਾ ਰੱਖਣ ਵਿਚ ਮੁਸ਼ਕਲ ਆਉਂਦੀ ਹੈ। ਯੂਰੋਲੋਜਿਸਟਸ ਨਾਂ ਦੇ ਸਪੈਸ਼ਲਿਸਟ ਸੈਕਸ ਸਮੱਸਿਆਵਾਂ ਵਾਲੇ ਮਰਦਾਂ ਦੀ ਮਦਦ ਕਰਦੇ ਹਨ, ਜਿਸ ਵਿਚ ਕੁਝ ਦਵਾਈਆਂ ਵੀ ਸ਼ਾਮਲ ਹਨ ਜਿਹੜੀਆਂ ਲਿੰਗ ਦੇ ਖੜ੍ਹਾ ਹੋਣ ਦੀਆਂ ਸਮੱਸਿਆਵਾਂ ਵਿਚ ਮਦਦ ਕਰਦੀਆਂ ਹਨ।

**ਸੈਕਸ ਬਾਰੇ ਮੈਂ ਕਿਵੇਂ ਮਹਿਸੂਸ ਕਰਦੀ ਹਾਂ, ਕੀ ਇਸ ਵਿਚ ਸੀਜ਼ਰਾਂ ਦਾ ਕੋਈ ਰੋਲ ਹੈ?**
ਹਾਂ, ਇਹ ਹੋ ਸਕਦਾ ਹੈ। ਜਦੋਂ ਸੀਜ਼ਰ ਕੰਟਰੋਲ ਵਿਚ ਹੁੰਦੇ ਹਨ ਤਾਂ ਲੋਕਾਂ ਦੀ ਸੈਕਸ ਇੱਛਾ ਅਤੇ ਕਾਰਗੁਜ਼ਾਰੀ ਬਿਹਤਰ ਦਿਖਾਈ ਦਿੰਦੀ ਹੈ। ਮਿਰਗੀ ਦੇ ਇਲਾਜ ਦੀ ਕੋਈ ਵੀ ਦਵਾਈ ਸੰਭਵ ਤੌਰ 'ਤੇ ਸੈਕਸ ਮੁਸ਼ਕਲਾਂ ਦਾ ਕਾਰਨ ਬਣ ਸਕਦੀ ਹੈ। ਪਰ, ਕਿਸੇ ਇਕ ਦਵਾਈ ਦੇ ਰੀਐਕਸ਼ਨ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕਿਸੇ ਹੋਰ ਦਵਾਈ ਨਾਲ ਵੀ ਓਹੀ ਤਜਰਬਾ ਹੋਵੇਗਾ। ਜੇ ਤੁਹਾਨੂੰ ਸ਼ੱਕ ਹੈ ਕਿ ਇਹ ਤੁਹਾਡੀ ਸੈਕਸ ਸਮੱਸਿਆ ਦਾ ਇਕ ਹਿੱਸਾ ਹੈ ਤਾਂ ਮਿਰਗੀ ਦੀ ਕੋਈ ਹੋਰ ਦਵਾਈ ਵਰਤਣ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।

ਸੈਕਸ ਕਾਰਜ ਵਿਚ ਹਾਰਮੋਨ ਇਕ ਮਹੱਤਵਪੂਰਨ ਰੋਲ ਨਿਭਾਉਂਦੇ ਹਨ ਅਤੇ ਮਿਰਗੀ ਵਾਲੇ ਕੁਝ ਲੋਕਾਂ ਦੇ ਹਾਰਮੋਨ ਦੇ ਆਮ ਪੱਧਰਾਂ ਵਿਚ ਤਬਦੀਲੀ ਆ ਸਕਦੀ ਹੈ। ਸੀਜ਼ਰ ਅਤੇ ਮਿਰਗੀ ਦੀ ਦਵਾਈ ਦੋਨੋਂ ਉਸ ਤਰੀਕੇ ਵਿਚ ਦਖਲਅੰਦਾਜ਼ੀ ਕਰ ਸਕਦੇ ਹਨ ਜਿਸ ਤਰੀਕੇ ਨਾਲ ਤੁਹਾਡਾ ਸਰੀਰ ਹਾਰਮੋਨਾਂ ਦੀ ਵਰਤੋਂ ਕਰਦਾ ਹੈ, ਜਿਸ ਨਾਲ ਸੈਕਸ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਹਾਰਮੋਨਾਂ, ਸੀਜ਼ਰਾਂ ਅਤੇ ਦਵਾਈਆਂ ਵਿਚਕਾਰ ਗੁੰਝਲਦਾਰ ਸੰਬੰਧਾਂ ਦਾ ਪਤਾ ਲਾਉਣ ਲਈ ਤੁਹਾਨੂੰ ਐਂਡੋਕਰੀਨ ਸਪੈਸ਼ਲਿਸਟ ਕੋਲ ਜਾਣ ਦੀ ਲੋੜ ਹੋ ਸਕਦੀ ਹੈ।

**ਆਪਣੇ ਡਾਕਟਰ ਨਾਲ ਸੈਕਸ ਬਾਰੇ ਗੱਲ ਕਰਨ ਬਾਰੇ ਮੈਂ ਪਰੇਸ਼ਾਨ ਹਾਂ।**
ਇਹ ਔਖਾ ਹੋ ਸਕਦਾ ਹੈ, ਪਰ ਸੈਕਸ ਮੁਸ਼ਕਲਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨਾ ਬਹੁਤ ਮਹੱਤਵਪੂਰਨ ਹੈ। ਮਿਰਗੀ ਤੋਂ ਇਲਾਵਾ, ਸੈਕਸ ਸਮੱਸਿਆ ਦੇ ਹੋਰ ਕਾਰਨ ਵੀ ਹੁੰਦੇ ਹਨ ਜਿਨ੍ਹਾਂ ਦਾ ਪਤਾ ਲਾਇਆ ਜਾ ਸਕਦਾ ਹੈ ਅਤੇ ਇਲਾਜ ਹੋ ਸਕਦਾ ਹੈ (ਸ਼ੂਗਰ, ਥਾਇਰਾਇਡ ਵਿਗਾੜ ਜਾਂ ਹਾਈ ਬਲੱਡ ਪਰੈਸ਼ਰ ਵਰਗੀਆ ਬੀਮਾਰੀਆਂ)। ਤੁਹਾਡਾ ਡਾਕਟਰ ਤੁਹਾਡੇ ਧਾਰਮਿਕ ਵਿਚਾਰਾਂ, ਬੀਤੇ ਸਮੇਂ ਵਿਚ ਸੈਕਸ ਨਾਲ ਸੰਬੰਧਿਤ ਬੇਆਰਾਮੀ ਵਾਲੇ ਅਨੁਭਵਾਂ, ਸਟਰੈੱਸ ਜਾਂ ਤਾਜ਼ੀ ਬੀਮਾਰੀ, ਅਤੇ ਤੁਹਾਡੇ ਸੈਕਸ ਸੰਬੰਧਾਂ ਬਾਰੇ ਤੁਹਾਨੂੰ ਸਵਾਲ ਪੁੱਛ ਸਕਦਾ ਹੈ। ਇਹ ਪ੍ਰਾਈਵੇਟ, ਨਿੱਜੀ ਮਾਮਲੇ ਹਨ ਪਰ ਖੁਲ੍ਹੇ ਰੂਪ ਵਿਚ ਜਾਣਕਾਰੀ ਸਾਂਝੀ ਕਰਨਾ ਜ਼ਰੂਰੀ ਹੈ ਤਾਂ ਜੋ ਤੁਹਾਡੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਇਨ੍ਹਾਂ ਦਾ ਹੱਲ ਕਰਨ ਲਈ ਢੁਕਵੀਂ ਮਦਦ ਪ੍ਰਦਾਨ ਕਰਨ ਵਿਚ ਤੁਹਾਡੇ ਡਾਕਟਰ ਦੀ ਮਦਦ ਹੋਵੇ।

**ਮੈਂ ਸੈਕਸ ਥੈਰੇਪੀ ਬਾਰੇ ਸੁਣਿਆ ਹੈ। ਕੀ ਇਹ ਮਦਦ ਕਰੇਗੀ?**
ਆਪਣੀਆਂ ਸੈਕਸ ਮੁਸ਼ਕਲਾਂ ਬਾਰੇ ਕਿਸੇ ਟਰੇਂਡ ਥੈਰੇਪਿਸਟ ਨਾਲ ਗੱਲ ਕਰਨਾ ਬਹੁਤ ਮਦਦ ਕਰਨ ਵਾਲਾ ਹੋ ਸਕਦਾ ਹੈ। ਕਦੇ ਕਦੇ, ਚਿੰਤਾ ਜਾਂ ਡਿਪਰੈਸ਼ਨ ਸੈਕਸ ਦੀ ਸਮੱਸਿਆਵਾਂ ਪੈਦਾ ਕਰ ਰਹੇ ਹੁੰਦੇ ਹਨ। ਜੋੜਿਆਂ ਦੀ ਥੈਰੇਪੀ ਲਈ ਆਪਣੇ ਪਾਰਟਨਰ ਨੂੰ ਵੀ ਨਾਲ ਲਿਆਉਣਾ ਮਹੱਤਵਪੂਰਨ ਹੈ। ਕੁਝ ਲੋਕਾਂ ਨੂੰ ਆਪਣੇ ਸੰਬੰਧਾਂ ਨੂੰ ਜ਼ਿਆਦਾ ਆਨੰਦਮਈ ਬਣਾਉਣ ਲਈ ਸੈਕਸ ਭਾਵਨਾਵਾਂ ਅਤੇ ਸਰਗਰਮੀਆਂ ਬਾਰੇ ਜਾਣਕਾਰੀ ਅਤੇ ਸੁਝਾਵਾਂ ਦੀ ਲੋੜ ਹੁੰਦੀ ਹੈ।

ਐਪੀਲੈਪਸੀ ਫਾਉਂਡੇਸ਼ਨ ਤੋਂ ਆਗਿਆ ਲੈ ਕੇ ਅਪਣਾਇਆ। 2009 ਵਿਚ ਵੰਡਣ ਲਈ ਮਨਜ਼ੂਰ ਕੀਤਾ (ਐੱਸ ਪੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**